Weekly

CANADA SIKH TIMES

26 October - 1 November 2025 ਕੈਨੇਡਾ ਸਿੱਖ ਟਾਈਮਜ਼ Volume 3 Issue 43

• RELIGION • CULTURE • HERITAGE • BUSINESS

## ਸਿੱਖ ਫੌਜੀਆਂ ਦੇ ਸਨਮਾਨ ਵਿੱਚ ਜਾਰੀ ਹੋਵੇਗੀ ਯਾਦਗਾਰੀ ਡਾਕ ਟਿਕਟ




ਕੈਨੇਡਾ ਸਰਕਾਰ ਇਸ ਐਤਵਾਰ ਨੂੰ ਕੌਮੀ ਫੌਜ ਵਿੱਚ ਸਿੱਖ ਸੈਨਿਕਾਂ ਦੀ 100 ਸਾਲਾਂ ਤੋਂ ਵੱਧ ਦੀ ਸੇਵਾ ਦੇ ਸਨਮਾਨ ਵਿੱਚ ਇੱਕ ਯਾਦਗਾਰੀ ਡਾਕ ਟਿਕਟ ਜਾਰੀ ਕਰੇਗੀ। ਇਤਿਹਾਸਕ ਰਿਕਾਰਡ ਦੱਸਦੇ ਹਨ ਕਿ ਜਦੋਂ ਹਜ਼ਾਰਾਂ ਲੋਕਾਂ ਨੇ ਪਹਿਲੇ ਵਿਸ਼ਵ ਯੁੱਧ ਦੀ ਸ਼ੁਰੂਆਤ ਵਿੱਚ ਕੈਨੇਡੀਅਨ ਫੌਜ ਵਿੱਚ ਸ਼ਾਮਲ ਹੋਣ ਦੀ ਮੰਗ ਕੀਤੀ ਸੀ, ਤਾਂ ਸਿਰਫ ਦਸ ਸਿੱਖ ਸੈਨਿਕਾਂ ਨੂੰ ਸਵੀਕਾਰ ਕੀਤਾ ਗਿਆ ਸੀ। ਪ੍ਰਾਈਵੇਟ ਬੁੱਕਣ ਸਿੰਘ ਉਨ੍ਹਾਂ ਵਿੱਚੋਂ ਇੱਕ ਸਨ ਅਤੇ ਉਨ੍ਹਾਂ ਨੇ ਫਰਾਂਸ ਅਤੇ ਬੈਲਜੀਅਮ ਵਿੱਚ 20ਵੀਂ ਕੈਨੇਡੀਅਨ ਇਨਫੈਂਟਰੀ ਬਟਾਲੀਅਨ ਨਾਲ ਲੜਾਈ ਲੜੀ ਸੀ। ਉਹ ਜ਼ਖਮੀ ਹੋ ਗਏ ਸਨ ਅਤੇ 1919 ਵਿੱਚ ਕਿਚਨਰ ਓਨਟਾਰੀਓ ਦੇ ਇੱਕ ਕੈਨੇਡੀਅਨ ਫੌਜੀ ਹਸਪਤਾਲ ਵਿੱਚ ਉਨ੍ਹਾਂ ਦੀ ਮੌਤ ਹੋ ਗਈ ਸੀ। ਸਿੰਘ ਦਾ ਪੂਰੇ ਫੌਜੀ ਸਨਮਾਨਾਂ ਨਾਲ ਸਸਕਾਰ ਕੀਤਾ ਗਿਆ ਸੀ ਅਤੇ ਉਨ੍ਹਾਂ ਦੀ ਯਾਦ ਵਿਚ 2 ਨਵੰਬਰ ਨੂੰ ਸਾਲਾਨਾ ਸਿੱਖ ਰਿਮੈਂਬਰੈਂਸ ਡੇਅ ਸਮਾਰੋਹ ਮਨਾਇਆ ਜਾਂਦਾ ਹੈ। ਕੈਨੇਡਾ ਨੇ ਇਸ ਤੋਂ ਪਹਿਲਾਂ ਵੀ ਸਿੱਖ ਭਾਈਚਾਰੇ ਦੇ ਸਨਮਾਨ ਵਿੱਚ ਦੋ ਯਾਦਗਾਰੀ ਡਾਕ ਟਿਕਟਾਂ ਜਾਰੀ ਕੀਤੀਆਂ ਹਨ। ਇਕ ਵਿਸਾਖੀ ਦੀ 300ਵੀਂ ਵਰ੍ਹੇਗੰਢ ਦੇ ਸਬੰਧ ਵਿੱਚ ਅਤੇ ਦੂਜੀ 2014 ਵਿੱਚ ਕਾਮਾਗਾਟਾ ਮਾਰੂ ਨੂੰ ਸਮਰਪਿਤ ਡਾਕ ਟਿਕਟਾਂ ਜਾਰੀ ਕੀਤੀਆਂ ਸਨ, ਜੋ ਕਾਮਾਗਾਟਾ ਮਾਰੂ ਘਟਨਾ ਦੀ 100ਵੀਂ ਵਰ੍ਹੇਗੰਢ ਨੂੰ ਦਰਸਾਉਂਦੀ ਹੈ।

## Jujhar Singh creates history as first Indian Power Slap champion




Jujhar "Tiger" Singh from Chamkaur Sahib has become the first Indian to win an international Power Slap title, clinching victory in Abu Dhabi on October 24. The 28-year-old fighter defeated Russia's Anatolii "The Kraken" Galushka in a tense three-round contest sanctioned by the Nevada State Athletic Commission. Galushka controlled the opening exchanges and even cut Singh near the right eye in the second round, but Singh refused to fold. In the final round he turned the match on its head with sharp, disciplined strikes that secured a unanimous decision. Singh grew up in village Karura, training in wrestling and kabaddi before shifting to Mohali for professional conditioning. After a year of intense preparation, he delivered on the global stage. "This win belongs to every Indian athlete who dares to dream big," he said on return. Singh now plans to defend his title in upcoming international events.

## Ontario government proposes tax relief for some first-time homebuyers



Ontario is moving to ease the path to home ownership for first-time buyers with a new sales tax rebate that could mean big savings. The province plans to refund its eight-per-cent share of the HST on homes priced up to $1 million, a measure set to appear in next week's fall economic statement. The move follows Ottawa's proposal to drop the federal portion of HST for first-time buyers as announced in June. Finance Minister Peter Bethlenfalvy said the goal is to help young families manage rising housing costs at a time when "every dollar counts." He framed the plan as a way to keep more money in the pockets of hardworking Ontarians and make that first step into home ownership more realistic. According to the province, pairing the new rebate with existing programs like the HST New Housing Rebate would save buyers up to $80,000. When combined with the federal HST removal, total savings could reach roughly $130,000 for eligible first-time buyers.

# DESH VIDESH

# ਸਿਰੁ ਦੀਜੈ ਕਾਣਿ ਨ ਕੀਜੈ: ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦਾ ਸੰਦੇਸ਼-2

- ਡਾ. ਦੇਵਿੰਦਰ ਪਾਲ ਸਿੰਘ, ਕੈਨੇਡਾ

ਗੁਰੂ ਤੇਗ ਬਹਾਦਰ ਜੀ ਨੂੰ ਪਰਮਾਤਮਾ ਨੇ ਤਿਲਕ ਤੇ ਜਨੇਊ ਦੀ ਰਾਖੀ ਲਈ ਚੁਣਿਆ, ਅਰਥਾਤ ਧਰਮ, ਅਧਿਆਤਮ ਤੇ ਮਨੁੱਖਤਾ ਦੀ ਰੱਖਿਆ ਲਈ। ਕਲਿਯੁਗ ਵਿੱਚ ਜਦੋਂ ਧਰਮ ਦੀ ਲਾਜ ਖਤਰੇ ਵਿੱਚ ਸੀ, ਤਦ ਗੁਰੂ ਜੀ ਨੇ ਆਪਣੀ ਜਾਨ ਕੁਰਬਾਨ ਕਰਕੇ ਸਾਰੀ ਮਨੁੱਖਤਾ ਨੂੰ ਧਰਮ ਦੀ ਆਜ਼ਾਦੀ ਦਾ ਅਮਰ ਸੁਨੇਹਾ ਦਿੱਤਾ। ਇਹ ਸ਼ਹੀਦੀ ਸਿੱਖ ਸੰਸਾਰ ਲਈ ਹਿੰਮਤ, ਅਹਿੰਸਾ ਤੇ ਧਰਮ ਨਿਭਾਉਣ ਦੀ ਸਭ ਤੋਂ ਵੱਡੀ ਮਿਸਾਲ ਬਣੀ। ਇਸੇ ਲਈ ਉਨ੍ਹਾਂ ਨੂੰ "ਹਿੰਦ ਦੀ ਚਾਦਰ" ਕਿਹਾ ਜਾਂਦਾ ਹੈ।

ਉਪਰੋਕਤ ਪੰਕਤੀ ਦਾ ਅਰਥ ਸਿਰਫ਼ ਹਿੰਦੂ ਧਰਮ ਦੀ ਰੱਖਿਆ ਤੱਕ ਸੀਮਿਤ ਨਹੀਂ। ਇਸ ਵਿੱਚ ਇਹ ਸੁਨੇਹਾ ਹੈ ਕਿ ਜੋ ਮਨੁੱਖ ਸੱਚ, ਨਿਆਂ ਅਤੇ ਆਜ਼ਾਦੀ ਦੀ ਰੱਖਿਆ ਲਈ ਆਪਣਾ ਆਪ ਤਿਆਗ ਦੇਂਦਾ ਹੈ, ਉਹ ਸੱਚਮੁੱਚ ਪ੍ਰਭੂ ਦਾ ਚੁਣਿਆ ਹੋਇਆ ਸੇਵਕ ਹੁੰਦਾ ਹੈ। ਗੁਰੂ ਜੀ ਨੇ ਦਿਖਾਇਆ ਕਿ ਸੱਚੀ ਆਰਾਧਨਾ ਸ਼ਬਦਾਂ ਨਾਲ ਨਹੀਂ, ਪਰ ਕਿਰਿਆ ਨਾਲ ਹੁੰਦੀ ਹੈ। ਜਦੋਂ ਮਨੁੱਖਤਾ ਖਤਰੇ ਵਿੱਚ ਹੋਵੇ, ਤਾਂ ਜੀਵਨ ਦੀ ਕੁਰਬਾਨੀ ਵੀ ਪ੍ਰਭੂ ਭਗਤੀ ਦਾ ਹਿੱਸਾ ਬਣ ਜਾਂਦੀ ਹੈ।

### ਆਤਮਿਕ ਸਾਧਨਾ ਤੇ ਧਾਰਮਿਕ ਸਹਿਭਾਵਨਾ

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਆਤਮਕ ਚਿੰਤਨ ਦਾ ਸਰੋਤ ਹੈ। ਉਨ੍ਹਾਂ ਦਾ ਕਥਨ ਹੈ: **ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥** (ਮ. 9, ਪੰਨਾ 219) ਆਮ ਜੀਵਨ ਵਿੱਚ ਇਸ ਪੰਕਤੀ ਦਾ ਸੰਦੇਸ਼ ਇਹ ਹੈ ਕਿ ਸਾਨੂੰ ਦਿਨ-ਰਾਤ ਲੋਕਾਂ ਦੀਆਂ ਰਾਏਆਂ ਘੇਰਦੀਆਂ ਹਨ। ਕੋਈ ਸਾਡੀ ਤਾਰੀਫ਼ ਕਰਦਾ ਹੈ, ਕੋਈ ਆਲੋਚਨਾ। ਪਰ ਜੇ ਅਸੀਂ ਹਰ ਵਾਰ ਉਨ੍ਹਾਂ ਦੇ ਅਨੁਸਾਰ ਆਪਣੀ ਖੁਸ਼ੀ ਜਾਂ ਦੁੱਖ ਬਦਲਦੇ ਰਹੇ, ਤਾਂ ਸਾਡੀ ਸ਼ਾਂਤੀ ਕਦੇ ਵੀ ਕਾਇਮ ਨਹੀਂ ਰਹਿ ਸਕਦੀ। ਇਸ ਲਈ ਗੁਰੂ ਜੀ ਫੁਰਮਾਉਂਦੇ ਹਨ: ਸੱਚਾ ਆਧਿਆਤਮਿਕ ਮਨੁੱਖ ਉਹ ਹੈ ਜੋ ਆਪਣੀ ਸੂਝ ਅਤੇ ਸੱਚ ਨਾਲ ਜੁੜਿਆ ਰਹੇ, ਭਾਵੇਂ ਲੋਕ ਉਸ ਦੀ ਤਾਰੀਫ਼ ਕਰਨ ਜਾਂ ਨਿੰਦਾ। ਇਸ ਤਰ੍ਹਾਂ ਇਹ ਪੰਕਤੀ ਮਨ ਦੀ ਸੰਤੁਲਿਤ ਹਾਲਤ ਦਾ ਵਰਨਣ ਕਰਦੀ ਹੈ। ਗੁਰੂ ਜੀ ਫੁਰਮਾਉਂਦੇ ਹਨ ਕਿ ਨਿਰਬਾਣ ਅਵਸਥਾ ਤਦ ਮਿਲਦੀ ਹੈ ਜਦ ਮਨ ਵਿਚ ਕਿਸੇ ਵੀ ਪ੍ਰਕਾਰ ਦਾ ਦੁਵੈਤ (ਦੁਓਲਿਸਮ) ਨਹੀਂ ਰਹਿੰਦਾ; ਨਾ ਪ੍ਰਸ਼ੰਸਾ ਨਾਲ ਖੁਸ਼ੀ, ਨਾ ਨਿੰਦਾ ਨਾਲ ਦੁੱਖ। ਇਹ ਉਹ ਅਵਸਥਾ ਹੈ ਜਿਥੇ ਮਨੁੱਖ ਹਰ ਘਟਨਾ ਨੂੰ ਪ੍ਰਭੂ ਦੀ ਰਜ਼ਾ ਸਮਝ ਕੇ ਸਵੀਕਾਰ ਕਰਦਾ ਹੈ। ਅਜਿਹਾ ਵਿਅਕਤੀ ਹੀ ਸੱਚਾ ਸੰਤ ਅਤੇ ਗਿਆਨੀ ਹੁੰਦਾ ਹੈ। ਗੁਰੂ ਜੀ ਫੁਰਮਾਉਂਦੇ ਹਨ: **ਸਾਧੋ ਰਚਨਾ ਰਾਮ ਬਨਾਈ॥** (ਮ. 9, ਪੰਨਾ 219)

ਇਹ ਪੰਕਤੀ ਸਾਨੂੰ ਸਿਖਾਉਂਦੀ ਹੈ ਕਿ ਸਾਰਾ ਜਗਤ ਪ੍ਰਭੂ ਦਾ ਘਰ ਹੈ।, ਹਰ ਜੀਵ ਉਸ ਦੀ ਹੀ ਜੋਤ ਦਾ ਅੰਸ਼ ਹੈ। ਜਦੋਂ ਅਸੀਂ ਕਿਸੇ ਨੂੰ ਨਫ਼ਰਤ ਨਾਲ ਦੇਖਦੇ ਹਾਂ ਜਾਂ ਕਿਸੇ ਜੀਵ ਨਾਲ ਬੁਰਾ ਕਰਦੇ ਹਾਂ, ਤਾਂ ਅਸੀਂ ਅਸਲ ਵਿੱਚ ਉਸ ਪਰਮਾਤਮਾ ਦੀ ਰਚਨਾ ਨਾਲ ਹੀ ਅਨਾਦਰ ਕਰ ਰਹੇ ਹੁੰਦੇ ਹਾਂ। ਗੁਰੂ ਜੀ ਦੀ ਸਿੱਖਿਆ ਹੈ ਕਿ ਜਗਤ ਨੂੰ ਤਿਆਗਣਾ ਨਹੀਂ, ਜਗਤ ਵਿੱਚ ਰਹਿ ਕੇ ਪ੍ਰਭੂ ਨੂੰ ਪਛਾਣਨਾ ਹੈ। ਸੱਚਾ ਧਰਮੀ ਉਹ ਨਹੀਂ ਜੋ ਸੰਸਾਰ ਛੱਡ ਜਾਵੇ, ਪਰ ਉਹ ਜੋ ਸੰਸਾਰ ਦੇ ਹਰ ਜੀਵ ਵਿੱਚ ਪ੍ਰਭੂ ਨੂੰ ਵੇਖੇ। ਗੁਰੂ ਜੀ ਨੇ ਕਿਸੇ ਵੀ ਧਰਮ ਦੀ ਨਿੰਦਾ ਨਹੀਂ ਕੀਤੀ, ਸਗੋਂ ਸਭ ਧਰਮਾਂ ਦੀ ਅਸਲ ਭਾਵਨਾ ਦੀ ਕਦਰ ਕੀਤੀ। ਉਨ੍ਹਾਂ ਦਾ ਜੀਵਨ ਧਾਰਮਿਕ ਸਹਿਭਾਵਨਾ ਤੇ ਆਦਰ-ਭਾਵ ਦਾ ਪ੍ਰਤੀਕ ਹੈ।

### ਗੁਰੂ ਜੀ ਦੀ ਵਿਰਾਸਤ — ਅੱਜ ਦੇ ਸੰਦਰਭ ਵਿੱਚ

ਅੱਜ ਦੇ ਸਮੇਂ ਵਿੱਚ ਜਦੋਂ ਮਨੁੱਖਤਾ ਫਿਰ ਹਿੰਸਾ, ਅਸਹਿਨਸ਼ੀਲਤਾ ਅਤੇ ਅਨਿਆਏ ਦੇ ਸੰਘਰਸ਼ ਵਿੱਚ ਲਿਪਤ ਹੈ, ਗੁਰੂ ਤੇਗ਼ ਬਹਾਦਰ ਜੀ ਦੀ ਸਿੱਖਿਆ ਹੋਰ ਵੀ ਪ੍ਰਸੰਗਿਕ ਹੋ ਗਈ ਹੈ। ਉਹ ਸਾਨੂੰ ਸਿਖਾਉਂਦੇ ਹਨ ਕਿ ਆਤਮਿਕ ਜੀਵਨ, ਨੈਤਿਕਤਾ, ਸੱਚਾਈ ਅਤੇ ਦਇਆ ਹੀ ਮਨੁੱਖਤਾ ਦੀ ਅਸਲੀ ਧਰੋਹਰ ਹੈ। ਧਰਮ ਦਾ ਮਤਲਬ ਕਿਸੇ ਮਜ਼ਹਬ ਨੂੰ ਉੱਚਾ ਜਾਂ ਨੀਵਾਂ ਦਿਖਾਉਣਾ ਨਹੀਂ, ਸਗੋਂ ਸਾਰੇ ਧਰਮਾਂ ਦਾ ਆਦਰ ਕਰਨਾ ਹੈ। ਉਨ੍ਹਾਂ ਦੀ ਕੁਰਬਾਨੀ ਸਾਨੂੰ ਯਾਦ ਦਿਲਾਉਂਦੀ ਹੈ ਕਿ ਮਨੁੱਖਤਾ ਦੀ ਰੱਖਿਆ ਲਈ ਕਈ ਵਾਰ ਆਪਣੇ ਸੁਖ-ਚੈਨ ਦਾ ਤਿਆਗ ਕਰਨਾ ਪੈਂਦਾ ਹੈ। ਉਹਨਾਂ ਦੀ ਬਾਣੀ ਦਾ ਕੇਂਦਰੀ ਧੁਰਾ ਹੈ: ਨਿਡਰ ਜੀਵਨ, ਸੱਚ ਦੀ ਰਾਹ ਤੇ ਚਲਣਾ, ਤੇ ਰੱਬ ਨਾਲ ਪਿਆਰ। ਗੁਰੂ ਤੇਗ਼ ਬਹਾਦਰ ਜੀ ਦਾ ਜੀਵਨ ਮਨੁੱਖੀ ਆਦਰਸ਼ਾਂ ਦਾ ਪ੍ਰਤੀਕ ਹੈ। ਉਹਨਾਂ ਦੀ ਸਿੱਖਿਆ ਧਰਮਾਂ ਤੋਂ ਉੱਪਰ ਉਠ ਕੇ ਸਾਰਿਆਂ ਲਈ ਰੌਸ਼ਨੀ ਦਾ ਚਾਨਣ ਮੁਨਾਰਾ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਵਿਰਾਸਤ ਸਾਨੂੰ ਹਮੇਸ਼ਾਂ ਪ੍ਰੇਰਨਾ ਦਿੰਦੀ ਰਹੇਗੀ: ਸੱਚ ਬੋਲਣ, ਨਿਡਰ ਜੀਵਨ ਜਿਉਣ ਅਤੇ ਸਭ ਨਾਲ ਪ੍ਰੇਮ ਕਰਨ ਲਈ। ਉਨ੍ਹਾਂ ਦਾ ਜੀਵਨ ਅਮਰ ਹੈ, ਉਨ੍ਹਾਂ ਦੀ ਬਾਣੀ ਅਵਿਨਾਸ਼ੀ ਹੈ, ਤੇ ਉਨ੍ਹਾਂ ਦੀ ਕੁਰਬਾਨੀ ਮਨੁੱਖਤਾ ਨੂੰ ਉੱਚਾ ਕਰਨ ਵਾਲੀ ਸਦੀਵੀ ਪ੍ਰੇਰਨਾ ਹੈ।◆◆


## Mission 350 Speakers

On the sacred occasion of the 350th Martyrdom Day of Guru Tegh Bahadur Sahib Ji, our mission is to inspire and train 350 dedicated speakers who will carry forward the timeless message of the Gurus to the world. Guru Tegh Bahadur Sahib Ji, through his life and extensive travels across India, awakened the conscience of humanity with the divine call to "Fear Not and Frighten None." His fearless stand for freedom of faith and human dignity reflected the universal principles of Guru Nanak Sahib Ji — equality, compassion, justice, and truth. Through Mission 350 Speakers, we aim to empower individuals to share these values globally, guiding people to live with courage, humility, and love for all. This movement seeks to create voices that echo the Guru's message across generations and geographies, ensuring that the light of Guru Tegh Bahadur's sacrifice continues to illuminate the path of humanity.

*Registration Open — Be One of the 350*

We invite individuals of all ages and backgrounds to register for Mission 350 Speakers and become part of this spiritual and educational movement. Each registered participant will receive guidance, learning resources, and mentorship to help them confidently share the Gurus' message in their communities and beyond. Let the count begin — with your participation, we move one step closer to our goal of creating 350 voices of truth, courage, and compassion.

WhatsApp
Aao Baniye Gursikh Pyara Quiz Show
+91 93111 77728, 8051137918, +14376737555

# HERITAGE

## Rajbir Singh Makes India Proud with World Armwrestling Gold



Rajbir Singh Nanda from Delhi has brought glory to India by winning a gold medal in the Sub-Junior 70 kg Right-Hand category at the WAF World Armwrestling Championship in Albena, Bulgaria. Competing against international talent, Rajbir's dominant performance marks a major milestone for the country in the growing sport of armwrestling. His achievement reflects years of discipline, sacrifice, and unwavering focus. Rajbir's rise on the global stage shows how determination and commitment can turn ambition into achievement, offering a powerful example for young athletes across India. Celebrations are underway as family, supporters, and sports enthusiasts applaud his success, calling him a role model for the next generation of champions. Rajbir's gold medal stands as a reminder of the potential and strength of India's youth on world platforms.

## Harpreet Singh Becomes First Sikh To Win WBC Asian Championship



Harpreet Singh has etched his name in history by becoming the first Panjabi-Sikh boxer to win the WBC Asian Super Middleweight Championship. Competing in Bangkok on October 22, 2025, Singh delivered a powerful knockout against defending champion Tyson Ping Tai Ng, securing a landmark win for India and Punjab's boxing community. Representing Lions MMA & Boxing Punjab, Singh's victory is being hailed as a moment of pride and inspiration—especially for Punjab's youth. The academy, known for its mission to support and train underprivileged athletes, sees this triumph as a reflection of its commitment to discipline and empowerment. The achievement marks a major milestone for Indian boxing and fuels hope for future champions from Punjab.

## ਅਮਰੀਕਾ ਨੇ ਪਰਵਾਸੀਆਂ ਲਈ ਆਟੋਮੈਟਿਕ ਵਰਕ ਪਰਮਿਟ ਐਕਸਟੈਨਸ਼ਨ ਦੀ ਸਹੂਲਤ ਖ਼ਤਮ ਕੀਤੀ



H1B ਵੀਜ਼ਾ ਫੀਸ 100,000 ਅਮਰੀਕੀ ਡਾਲਰ ਤੱਕ ਵਧਾਉਣ ਤੋਂ ਕੁਝ ਹਫ਼ਤਿਆਂ ਬਾਅਦ, ਅਮਰੀਕੀ ਅਧਿਕਾਰੀਆਂ ਨੇ ਪਰਵਾਸੀਆਂ ਲਈ ਵਰਕ ਪਰਮਿਟਾਂ ਦੀ ਆਟੋਮੈਟਿਕ ਐਕਸਟੈਂਸ਼ਨ ਦੀ ਸਹੂਲਤ ਨੂੰ ਖਤਮ ਕਰਨ ਦਾ ਐਲਾਨ ਕੀਤਾ ਹੈ। ਇਸ ਫੈਸਲੇ ਨਾਲ ਵੱਡੀ ਗਿਣਤੀ ਭਾਰਤੀ ਪਰਵਾਸੀਆਂ ਅਤੇ ਕਾਮਿਆਂ ਦੇ ਅਸਰਅੰਦਾਜ਼ ਹੋਣ ਦੀ ਸੰਭਾਵਨਾ ਹੈ। ਇਮੀਗ੍ਰੇਸ਼ਨ ਦੀ ਨਕੇਲ ਕੱਸਣ ਲਈ ਕੀਤੇ ਜਾ ਰਹੇ ਯਤਨਾਂ ਦੀ ਲੜੀ ਵਿਚ ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (DHS) ਨੇ ਬੁੱਧਵਾਰ ਨੂੰ ਇਹ ਐਲਾਨ ਕੀਤਾ ਹੈ। ਵਿਦੇਸ਼ੀ ਨਾਗਰਿਕਾਂ ਦੇ ਰੁਜ਼ਗਾਰ ਅਧਿਕਾਰ ਦਸਤਾਵੇਜ਼ਾਂ (EAD) ਦੀ ਵੈਧਤਾ ਨੂੰ ਵਧਾਉਣ ਤੋਂ ਪਹਿਲਾਂ ਹੁਣ ਪਰਵਾਸੀਆਂ ਦੀ ਸਹੀ ਸਕਰੀਨਿੰਗ ਤੇ ਜਾਂਚ ਨੂੰ ਤਰਜੀਹ ਦਿੱਤੀ ਜਾਵੇਗੀ। ਡੀਐਚਐਸ ਨੇ ਇੱਕ ਪ੍ਰੈੱਸ ਰਿਲੀਜ਼ ਵਿੱਚ ਕਿਹਾ ਕਿ ਨਵੇਂ ਨਿਯਮ ਅਨੁਸਾਰ, 30 ਅਕਤੂਬਰ, 2025 ਨੂੰ ਜਾਂ ਇਸ ਤੋਂ ਬਾਅਦ ਆਪਣੇ EAD ਨੂੰ ਰੀਨਿਊ ਲਈ ਫਾਈਲ ਕਰਨ ਵਾਲੇ ਪਰਵਾਸੀਆਂ ਨੂੰ ਹੁਣ ਆਟੋਮੈਟਿਕ ਐਕਸਟੈਂਸ਼ਨ ਨਹੀਂ ਮਿਲੇਗੀ।

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. Which of the following is a constructive way to commemorate the 350th Martyrdom Day of Guru Tegh Bahadur Sahib Ji?**

a) Organizing noisy street processions
b) Engaging in rituals without understanding their meaning
c) Publishing books and articles to spread Guru Sahib's message
d) Distributing sweets only among close circles

**2. What is the main purpose of promoting innovative works like seminars, digital content, and publications on Guru Tegh Bahadur Sahib Ji?**

a) To compete with other religious groups
b) To gain social recognition
c) To spread awareness of his universal message of truth and courage
d) To replace traditional rituals with entertainment

**3. According to the spirit of Gurmat, the best tribute to Guru Tegh Bahadur Sahib Ji is to:**

a) Follow fruitless rituals
b) Fearlessly share his message of "Fear None, Frighten None"
c) Participate in long religious processions
d) Limit the remembrance to gurdwara ceremonies only

(ਦੇਖੋ ਉੱਤਰ ਪੰਨਾ 4 'ਤੇ)

# New Book 'Santulit Soch' Launched; Nationwide Declamation Winners Announced

The online sangat gathered on Zoom for a spiritually uplifting session hosted by Aao Baniye Gursikh Pyara. The program began with soulful Gurbani recitation. Satwant Kaur from Jamshedpur recited Sorath Mahalla 9 – "Jo nar dukh mai dukh nahi manai". Sharanjeet Kaur from Ganganagar, Rajasthan shared Devgandhari Mahalla 9 – "Jagat mai jhoothi dekhi preet". Both shabads carried the essence of Guru Tegh Bahadur Sahib Ji's teachings on inner strength and the false nature of worldly attachments.




The event marked the release of the new book Santulit Soch, authored by Dr Harjinder Singh, Director of Aao Baniye Gursikh Pyara & co-authored by Dr. Davinder Singh, Delhi University. Both the writers spoke about the vision behind the book, the writing journey, and the need for balanced thinking grounded in Sikh values.

Participants from different regions joined and shared thoughtful reflections on the book and the seva initiatives. Speakers included Inderjeet Kaur (Pune), Inderjeet Singh (Patiala), Mamta Kaur, Daljeet Singh (Switzerland), Baltej Singh, and Gajinder Singh (USA). They appreciated the book's content, clarity of language, and the depth of its message, highlighting how Santulit Soch speaks to contemporary Sikh living with simplicity and insight.

The session also featured the announcement of results for the Online Declamation Competition (October 2025) dedicated to the 350th Shaheedi anniversary of Sri Guru Tegh Bahadur Sahib Ji. The competition saw enthusiastic participation from children, youth, and elders from across India and abroad.

First Prize Winners included participants from Bangalore, Ranchi, Tarn Taran, Hazaribagh, and Jhansi. Second and Third Prize Winners represented cities including Kota, Ferozepur, Jamshedpur, Delhi, Ludhiana, Prayagraj, Kurukshetra, Sangrur, Khanna, Gurdaspur, and Amritsar. To acknowledge effort and spirit, a large group of participants received Encouragement Awards, with ages ranging from 5 to 76 years, reflecting the wide engagement and shared enthusiasm for Gurmat learning. The gathering closed with collective reflections and appreciation for the initiative, reinforcing the role of digital sangat in spreading Sikh thought and nurturing community learning. The entire program was held online on Zoom.

# SIKH MATRIMONIALS

Sikh boy required for UK based girl, 26 years, 5 feet 3 inches, working as Psychologist in UK hospital , Masters in clinical Psychology. On work permit, contact 9971863565.

Gursikh Boy 32/5'7"/ BTech/Post Graduate from Niagara College/ Working as Engineer in Windsor, Canada. Contact father +91-9417177476

Suitable match for M- 91-5-7" Gursikh Khatri boy,well qualified and working in London (Facebook) V High Package +91 8860484847

Looking for a Gursikh boy for Khatri girl F-91--5-3" working in NYPD as Attorney. Well qualified and settled gursikh boy from USA or Canada preferred +91 8750888333

ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. C 2. C 3. B

Chief Editor: Dr. Harjinder Singh Editor: Dr. Davinder Singh Designer: Pavit Singh

Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)



email: canadasikhtimes@gmail.com, M: +1 437 673 7555